November 8th, 2007
to November 22nd, 2007

Punjabi Patrika
ਪੰਜਾਬੀ ਪੱਤ੍ਰਿਕਾ



# ਅਫਗਾਨਸਤਾਨ ਦੀ ਐਮ. ਪੀ. ਮਾਲਾਲਾਈ ਜੋਇਆ ਕੈਨੇਡਾ ਸਰਕਾਰ ਨੂੰ ਹੋਰ ਫੌਜਾਂ ਨਾ ਭੇਜਣ ਲਈ ਅਪੀਲ



ਯੂਨੀਵਰਸਟੀ ਕਾਲਜ ਫਰੇਜ਼ਰ ਵੈਲੀ ਵਿਖੇ ਦੋ ਨਵੰਬਰ ਨੂੰ ਅਫਗਾਨਸਤਾਨ ਦੀ (ਜਿਰਗਾ) ਪਾਰਲੀਮੈਂਟ ਦੀ ਮੈਂਬਰ ਮਾਲਾਲਾਈ ਜੋਇਆ ਨੇ ਵਿਦਿਆਰਥੀਆਂ ਤੇ ਮੀਡੀਆ ਦੀ ਇਕੱਤਰਤਾ ਨੂੰ ਸੰਬੋਧਿਤ ਹੁੰਦਿਆਂ ਕੈਨੇਡਾ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਅਮਰੀਕੀ ਸਰਕਾਰ ਬੁਸ਼ ਦੇ ਪਿਛੇ ਲੱਗਕੇ ਹੋਰ ਕੈਨੇਡੀਅਨ ਫੌਜਾਂ ਅਫਗਾਨਸਤਾਨ ਨਾ ਭੇਜੇ।

ਐਮ. ਜੋਇਆ ਨੇ ਅਫਗਾਨਸਤਾਨ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਉਸ ਨੇ ਦੱਸਿਆ ਕਿ ਮੌਜੂਦਾ ਕਰਜ਼ਾਈ ਸਰਕਾਰ ਵੀ ਤਾਲਬਾਨਾਂ ਨਾਲ ਸਹਿਯੋਗ ਕਰਕੇ ਹੀ ਦਿਨ ਕਟੀ ਕਰ ਰਹੀ ਹੈ। ਉਸ ਨੇ ਤਾਲਬਾਨਾਂ ਵਲੋਂ ਕੀਤੇ ਜਾਂਦੇ ਜ਼ੁਲਮਾਂ ਦੀ ਭਾਰੀ ਨਿੰਦਿਆ ਕੀਤੀ ਔਰਤਾਂ ਅਤੇ ਬੱਚਿਆਂ ਤੇ ਅੰਤਾਂ ਦੇ ਜ਼ੁਰਮ ਢਾਹੇ ਜਾ ਰਹੇ ਹਨ। ਉਸ ਨੇ ਦੱਸਿਆ ਕਿ ਆਮ ਲੋਕ ਜਮਹੂਰੀਅਤ ਅਤੇ ਸ਼ਾਂਤੀ ਚਾਹੁੰਦੇ ਹਨ।

ਉਸ ਨੇ ਕੈਨੇਡੀਅਨ ਭਾਈਚਾਰੇ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਤੁਸੀਂ ਹਾਰਪਰ ਸਰਕਾਰ ਨੂੰ ਈ ਮੇਲਾਂ ਤੇ ਪੱਤਰ ਲਿਖ ਕੇ ਪਬਲਿਕ ਪ੍ਰਭਾਵ ਪਾਓ ਤਾਂ ਕਿ ਕੈਨੇਡਾ ਸਰਕਾਰ ਬੁਸ਼ ਦੀ ਨੀਤੀ ਅਨੁਸਾਰ ਅਫਗਾਨਸਤਾਨ ਵਿਚ ਨਾ ਅਮਲ ਕਰੇ। ਭਾਵੇਂ ਉਸ ਨੇ ਕੈਨੇਡੀਅਨਾਂ ਵਲੋਂ ਦੇਸ ਦੇ ਵਿਕਾਸ ਦੇ ਕੰਮਾਂ ਵਿਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਵੀ ਕੀਤੀ ਪਰ ਉਸ ਅਨੁਸਾਰ ਸਕੂਲ ਤੇ ਹਸਪਤਾਲ ਕੇਵਲ ਵੱਡੇ ਸ਼ਹਿਰਾਂ ਵਿਚ ਹੀ ਉਸਾਰੇ ਜਾ ਰਹੇ ਹਨ। ਪਰ ਦੂਰ-ਦੁਰਾਡੇ ਵਸਦੇ ਪਿੰਡਾਂ ਦੀ ਵਸੋਂ ਨੂੰ ਇਸ ਦਾ ਕੋਈ ਲਾਭ ਨਹੀਂ। ਉਨ੍ਹਾਂ ਨੇ ਸਰੋਤਿਆਂ ਦੇ ਪ੍ਰਸ਼ਨਾਂ ਦੇ ਉਤਰ ਵੀ ਦਿੱਤੇ।

ਯੂ. ਸੀ. ਐਫ. ਵੀ. ਵਲੋਂ ਕੈਨੇਡੀਅਨ ਇੰਟਰਨੈਸ਼ਨਲ ਡੀਵੈਲਪਮੈਂਟ ਏਜੰਸੀ ਦੇ ਸਹਿਯੋਗ ਨਾਲ ਕਮਿਉਨਿਟੀ ਪਬਲਿਕ ਫੋਰਮ ਕਰਵਾਏ ਜਾਂਦੇ ਹਨ। ਇੰਨਾਂ ਫਰੋਮਾਂ ਰਾਹੀਂ ਪਬਲਿਕ ਨੂੰ ਕੌਮਾਂਤਰੀ ਘਟਨਾਵਾਂ ਬਾਰੇ ਠੀਕ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਹ ਯੂ. ਸੀ. ਐਫ. ਵੀ. ਦਾ ਸ਼ਲਾਘਾ ਯੋਗ ਕੰਮ ਹੈ। ਇਸੇ ਤਰ੍ਹਾਂ ਗਰੀਬੀ ਦੇ ਮੁਕਾਬਲੇ ਬੱਚਿਆਂ ਦੀ ਸਿਹਤ ਸੁਧਾਰ ਵਰਗੇ ਵਿਸ਼ਿਆਂ 'ਤੇ 15 ਨਵੰਬਰ ਨੂੰ ਸ਼ਾਮ ਦੇ ਸਾਢੇ 5 ਵਜੇ ਤੋਂ ਸਾਢੇ 8 ਵਜੇ ਤੱਕ ਕੈਸਕੇਡ ਕਮਿਉਨਿਟੀ ਚਰਚ 35198 ਡੇਲੇਰ ਰੋਡ ਐਬਟਸਫੋਰਡ ਵਿਖੇ ਫਰੀ ਸਮਾਗਮ ਹੋਵੇਗਾ। ਵਿਸ਼ਾ ਹੋਵੇਗਾ ਚਾਈਲਡ ਹੈਲਥ ਮੁਦੇ ਤੇ ਕੈਨੇਡੀਅਨ ਬਦੇਸਾਂ 'ਚ ਕੀ ਕਰ ਰਹੇ ਹਨ? ਕੀ ਅਸੀਂ ਕਾਫੀ ਕੁਝ ਕਰ ਰਹੇ ਹਾਂ? ਬਦੇਸੀ ਮਿਤਰਾਂ ਤੋਂ ਅਸੀਂ ਕੀ ਸਿੱਖ ਸਕਦੇ ਹਾਂ? ਉਪਰੋਕਤ ਵਿਸ਼ਿਆਂ 'ਤੇ ਚਰਚਾ ਹੋਵੇਗੀ। ਚਾਈਲਡ ਲੇਬਰ ਦੇ ਵਿਸ਼ੇ 'ਤੇ 30 ਨਵੰਬਰ 2007 ਨੂੰ ਭ101, ਯੂ. ਸੀ. ਐਫ. ਵੀ ਵਿਖੇ ਸਵੇਰੇ 9 ਵਜੇ ਤੋਂ ਸ਼ਾਮ ਦੇ ਸਾਢੇ ਤਿੰਨ ਵਜੇ ਤੱਕ ਫੋਰੇਮ ਹੋਵੇਗਾ। ਲੰਚ ਦਿੱਤਾ ਜਾਵੇਗਾ ਦਾਖਲਾ ਮੁਫਤ ਹੋਵੇਗਾ।